**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ, ਪੰਜਾਬ।**

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ ਨਗਰ (ਮੋਹਾਲੀ) ਪੰਜਾਬ।

ਵੱਲ,

ਸਮੂਹ ਜਿਲ੍ਹਿਆ ਸਿੱਖਿਆ(ਸੈ.ਸਿ/ਐ.ਸਿ)
ਸਮੂਹ ਸਕੂਲ ਮੁੱਖੀ (ਵੈਬ ਸਾਈਟ ਰਾਹੀ)
ਪੰਜਾਬ।

**ਮੀਮੋ ਨੰ. ਸਸਅ/ਸਿਵਲ ਵਰਕਸ/74060/2022/** 174113
**ਮਿਤੀ, ਸਅਸ ਨਗਰ** 05/07/2022

**ਵਿਸ਼ਾ:** **ਸਕੂਲ ਦੀਆਂ ਇਮਾਰਤਾਂ/ਕਮਰਿਆਂ ਨੂੰ ਅਸੁਰੱਖਿਅਤ ਘੋਸ਼ਿਤ ਕਰਵਾਉਣ ਬਾਰੇ।**

**ਹਵਾਲਾ:** **ਇਸ ਦਫਤਰ ਦੇ ਪੱਤਰ ਨੰ. ਸਸਅ/ਸਿਵਲ ਵਰਕਸ/2020/137928 ਮਿਤੀ 15/06/2020**

1.0 ਵਿਸ਼ਾ ਅੰਕਿਤ ਅਤੇ ਹਵਾਲੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਹੀ ਸਕੂਲਾਂ ਦੀ ਇਮਾਰਤ/ ਕਮਰਿਆਂ ਨੂੰ ਅਣਸੁਰੱਖਿਅਤ ਘੋਸ਼ਿਤ ਕਰਵਾਉਣ ਲਈ PWD (B&R) ਵਿਭਾਗ, ਪੰਜਾਬ ਨਾਲ ਸਿੱਧੇ ਹੀ ਲਿਖਾ ਪੜ੍ਹੀ ਕਰਕੇ ਅਣਸੇਫ ਕਰਵਾਇਆ ਜਾ ਰਿਹਾ ਹੈ।

3.0 ਸਕੂਲਾਂ ਦੀ ਇਮਾਰਤ/ ਕਮਰਾ/ਕਮਰਿਆਂ ਨੂੰ ਅਣਸੁਰੱਖਿਅਤ ਘੋਸ਼ਿਤ ਕਰਵਾਉਣ ਸਬੰਧੀ ਹੇਠ ਲਿਖੇ ਅਨੁਸਾਰ ਮੁੜ ਤੋਂ ਹਦਾਇਤ ਕੀਤੀ ਜਾਂਦੀ ਹੈ:-

1. ਜੇਕਰ ਸਕੂਲ ਮੁੱਖੀ ਨੂੰ ਸਕੂਲ ਦਾ ਕੋਈ ਇਮਾਰਤ/ਕਮਰਾ/ਕਮਰੇ ਅਣਸੁਰੱਖਿਅਤ ਲਗਦੇ ਹਨ ਤਾਂ ਉਹ ਇਸ ਬਾਰੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਲਿਖਦੇ ਹੋਏ, ਉਸ ਪੱਤਰ ਦਾ ਉਤਾਰਾਂ ਜਿਲ੍ਹੇ ਦੇ ਜੂਨੀਅਰ ਇੰਜੀਨੀਅਰ (JE) ਨੂੰ ਭੇਜਣਾ ਯਕੀਨੀ ਬਣਾਏਗਾ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਤਿੰਨ ਮੈਂਬਰੀ ਕਮੇਟੀ ਜਿਸ ਵਿੱਚ ਉੱਪ ਜਿਲ੍ਹਾ ਸਿੱਖਿਆ ਅਫਸਰ, ਜੂਨੀਅਰ ਇੰਜੀਨੀਅਰ ਅਤੇ ਤਕਨੀਕੀ ਤਜਰਬਾ ਰੱਖਣ ਵਾਲੇ ਅਧਿਕਾਰੀ/ਅਧਿਆਪਕ ਬਤੌਰ ਮੈਂਬਰ ਦਾ ਗਠਨ ਕੀਤਾ ਹੋਇਆ ਹੈ। ਕਮੇਟੀ ਵੱਲੋਂ ਉਸ ਸਕੂਲ ਦਾ ਦੌਰਾ ਕਰਕੇ ਸਬੰਧਤ ਇਮਾਰਤ/ਕਮਰਾ/ਕਮਰਿਆਂ ਦਾ ਨਿਰੀਖਣ ਕੀਤਾ ਜਾਵੇਗਾ। ਕਮੇਟੀ ਵੱਲੋਂ ਇਹ ਸਿਫਾਰਿਸ਼ ਕੀਤੀ ਜਾਵੇ ਕਿ ਸਬੰਧਤ ਇਮਾਰਤ/ਕਮਰਾ/ਕਮਰਿਆਂ ਨੂੰ ਅਣਸੁਰੱਖਿਅਤ ਕਰਵਾਉਣ ਦੀ ਜਰੂਰਤ ਹੈ ਜਾਂ ਨਹੀਂ।
3. ਜਿਲ੍ਹਾ ਤਿੰਨ ਮੈਂਬਰੀ ਕਮੇਟੀ ਵੱਲੋਂ ਸ਼ਿਫਾਰਿਸ ਸਹਿਤ ਸਪੱਸ਼ਟ ਰਿਪੋਰਟ ਮੁੱਖ ਦਫਤਰ ਦੀ ਈ-ਮੇਲ civilworkspunjab@punjabeducation.gov.in ਤੇ ਭੇਜੀ ਜਾਵੇਗੀ ਅਤੇ ਮੁੱਖ ਦਫਤਰ ਦੀ ਪ੍ਰਵਾਨਗੀ ਉਪਰੰਤ ਹੀ ਅਗਲੇਰੀ ਕਾਰਵਾਈ ਆਰੰਭੀ ਜਾਵੇ।

**ਸਹਾਇਕ ਡਾਇਰੈਕਟਰ (ਈ. ਐਂਡ ਆਈ.),**
**ਪੰਜਾਬ।**